**COVID-19 ਲਈ ਸਕੂਲ ਟੈਸਟਿੰਗ**

27 ਜੁਲਾਈ 2023

**27 ਜੁਲਾਈ, 2023 ਤੱਕ ਦੇ ਅੱਪਡੇਟਸ:**

- ਅੱਪਡੇਟ ਕੀਤੇ ਹੋਏ ਲਿੰਕ
- 2023-24 ਸਕੂਲ ਵਰ੍ਹੇ ਲਈ ਅੱਪਡੇਟ ਕੀਤੀ ਹੋਈ ਜਾਣਕਾਰੀ
- ਅੱਪਡੇਟ ਕੀਤੀ ਹੋਈ ਸੰਪਰਕ ਜਾਣਕਾਰੀ

## ਸਕੂਲ ਟੈਸਟਿੰਗ ਸਮੀਖਿਆ

2023-24 ਵਿੱਚ, ਸਕੂਲਾਂ ਦਾ ਡਿਪਾਰਟਮੇਂਟ ਔਫ਼ ਪਬਲਿਕ ਹੈਲਥ (CDPH) ਨਾਲ ਟੈਸਟਿੰਗ ਅਤੇ ਸਹਾਇਤਾ ਲਈ ਭਾਈਵਾਲੀ ਕਰਨਾ ਜਾਰੀ ਰਹਿ ਸਕਦਾ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡਾ 2022-23 ਫ੍ਰੇਮਵਰਕ ਅਤੇ ਸੰਬੰਧਿਤ ਸਵਾਲ-ਜਵਾਬ ਵੇਖੋ:

- 2022-2023 ਸਕੂਲ ਵਰ੍ਹੇ ਲਈ K-12 ਸਕੂਲਾਂ ਲਈ ਟੈਸਟਿੰਗ ਫ੍ਰੇਮਵਰਕ
- K-12 ਟੈਸਟਿੰਗ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ
- 2022-23 ਸਕੂਲ ਵਰ੍ਹੇ ਲਈ K-12 ਸਕੂਲਾਂ ਲਈ ਮਾਰਗਦਰਸ਼ਨ
- ਸੈਨੇਟ ਬਿੱਲ 1479 ਲਾਗੂ ਕਰਨ ਸੰਬੰਧੀ ਸਵਾਲ ਅਤੇ ਜਵਾਬ (ca.gov)

## CDPH ਸਕੂਲ ਟੈਸਟਿੰਗ ਰਣਨੀਤੀਆਂ

ਲੱਛਣਾਂ ਵਾਲੇ ਵਿਅਕਤੀਆਂ ਵਿੱਚ COVID-19 ਦੀ ਮੌਜੂਦਗੀ ਦੀ ਜਲਦੀ ਜਾਂਚ ਕਰਨ ਅਤੇ ਪਛਾਣ ਕਰਨ ਦੀ ਯੋਗਤਾ ਮਹੱਤਵਪੂਰਨ ਹੈ। ਲੱਛਣਾਂ ਵਾਲੇ ਵਿਦਿਆਰਥੀਆਂ ਅਤੇ ਸਟਾਫ਼ ਲਈ ਸਕੂਲ ਅਤੇ ਘਰ ਦੋਵਾਂ ਵਿੱਚ ਉਪਲਬਧ ਟੈਸਟਿੰਗ ਵਿਕਲਪ ਹੋਣ ਨਾਲ ਉਹਨਾਂ ਨੂੰ ਸਕੂਲ ਵਿੱਚ ਜਲਦੀ ਵਾਪਸ ਆਉਣ ਵਿੱਚ ਮਦਦ ਮਿਲ ਸਕਦੀ ਹੈ, ਨਾਲ ਹੀ ਸਾਈਟ 'ਤੇ ਕਿਸੇ ਵੀ ਪ੍ਰਸਾਰਣ ਨੂੰ ਸੀਮਤ ਕੀਤਾ ਜਾ ਸਕਦਾ ਹੈ। ਸਿਫ਼ਾਰਿਸ਼ ਕੀਤੀਆਂ ਟੈਸਟਿੰਗ ਰਣਨੀਤੀਆਂ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ CDPH ਅਲੱਗ-ਥਲੱਗ ਰਹਿਣ ਅਤੇ ਕੁਆਰੰਟੀਨ ਸੰਬੰਧੀ ਮਾਰਗ-ਦਰਸ਼ਨ ਅਤੇ COVID-19 ਟੈਸਟਿੰਗ - ਤੁਹਾਨੂੰ ਕੀ ਜਾਣਨ ਦੀ ਲੋੜ ਹੈ (PDF) ਵੇਖੋ।

COVID-19 ਸਕੂਲ ਸੰਬੰਧੀ ਮਾਰਗਦਰਸ਼ਨ ਅਤੇ ਅੱਪਡੇਟ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਕੂਲਾਂ ਦੇ ਹੱਬ 'ਤੇ ਜਾਓ।

## CDPH ਟੈਸਟ ਦੀਆਂ ਕਿਸਮਾਂ ਅਤੇ ਗੌਰ ਕਰਨ ਲਾਇਕ ਗੱਲਾਂ

ਕੈਲੀਫੋਰਨੀਆ ਰਾਜ ਟੈਸਟਿੰਗ ਮਾਰਗਦਰਸ਼ਨ, ਜੋ ਜਾਂਚ ਦੀਆਂ ਵੱਖ-ਵੱਖ ਕਿਸਮਾਂ ਦਾ ਵੇਰਵਾ ਦਿੰਦੇ ਹਨ, ਜਿਸ ਵਿੱਚ ਨੈਦਾਨਿਕ ਟੈਸਟਿੰਗ, ਸਕ੍ਰੀਨਿੰਗ ਟੈਸਟਿੰਗ, ਸੰਪਰਕ ਵਿੱਚ ਆਉਣ ਤੋਂ ਬਾਅਦ ਦੀ ਟੈਸਟਿੰਗ ਅਤੇ ਦਾਖਲ ਹੋਣ ਤੋਂ ਪਹਿਲਾਂ ਦੀ ਟੈਸਟਿੰਗ ਵਿਚਕਾਰ ਅੰਤਰਾਲ ਸ਼ਾਮਲ ਹਨ।

## CDPH ਸਕੂਲ ਟੈਸਟਿੰਗ ਪ੍ਰੋਗਰਾਮ

CDPH ਹੇਠ ਲਿੱਖੇ ਮੁਫ਼ਤ ਜਾਂਚ ਦੇ ਤਰੀਕਿਆਂ ਦਾ ਸਮਰਥਨ ਕਰਦਾ ਹੈ: ਘਰ ਵਿੱਚ ਕੀਤੀ ਜਾਣ ਵਾਲੀ ਐਂਟੀਜੇਨ ਟੈਸਟਿੰਗ ਅਤੇ ਸਕੂਲ ਵਿੱਚ ਕੀਤੀ ਜਾਣ ਵਾਲੀ/ਪੇਸ਼ੇਵਰ ਟੈਸਟਿੰਗ।

## ਘਰ ਵਿੱਚ ਕੀਤੇ ਜਾਣ ਵਾਲੇ (ਓਵਰ-ਦੀ-ਕਾਊਂਟਰ ਜਾਂ OTC) ਟੈਸਟਿੰਗ ਪ੍ਰੋਗਰਾਮ

CDPH K-12 ਸਕੂਲਾਂ ਨੂੰ ਮੁਫ਼ਤ ਘਰ ਵਿੱਚ ਕੀਤੇ ਜਾਣ ਵਾਲੇ ਟੈਸਟ ਪ੍ਰਦਾਨ ਕਰਦਾ ਹੈ। ਘਰ ਵਿੱਚ ਕੀਤੇ ਜਾਣ ਵਾਲੇ ਟੈਸਟ ਆਪਣੇ-ਆਪ ਕੀਤੇ ਜਾਣ ਵਾਲੇ ਟੈਸਟ ਹੁੰਦੇ ਹਨ ਜੋ ਵਿਅਕਤੀਗਤ (ਜਾਂ ਉਹਨਾਂ ਦੇ ਮਾਤਾ-ਪਿਤਾ/ਸਰਪ੍ਰਸਤ) ਦੁਆਰਾ ਕੀਤੇ ਜਾ ਸਕਦੇ ਹਨ ਅਤੇ ਸੰਘੀ (CLIA) ਨਿਯਮਾਂ ਦੇ ਕਾਰਨ ਸਕੂਲ ਸਟਾਫ ਦੁਆਰਾ ਪ੍ਰਬੰਧਿਤ ਨਹੀਂ ਕੀਤੇ ਜਾ ਸਕਦੇ ਹਨ।

- ਆਪਣੇ ਸਕੂਲ ਲਈ OTC ਟੈਸਟ ਮੰਗਵਾਓ.

## ਘਰ ਵਿੱਚ ਕੀਤੇ ਜਾਣ ਵਾਲੇ ਟੈਸਟ ਦੀਆਂ ਸਮਾਪਤੀ ਤਾਰੀਖ਼ਾਂ

ਕਿਰਪਾ ਕਰਕੇ ਆਪਣੀ ਟੈਸਟ ਸੂਚੀ ਦੀ ਨਿਗਰਾਨੀ ਕਰੋ ਅਤੇ ਨਿਯਮਿਤ ਤੌਰ 'ਤੇ ਮਿਆਦ ਪੁੱਗਣ ਦੀਆਂ ਤਾਰੀਖ਼ਾਂ ਦੀ ਜਾਂਚ ਕਰੋ। ਪ੍ਰਿੰਟ ਕੀਤੀ ਮਿਆਦ ਪੁੱਗਣ ਦੀ ਤਾਰੀਖ਼ ਅਸਲ ਵਿੱਚ ਮਿਆਦ ਪੁੱਗਣ ਦੀ ਤਾਰੀਖ਼ ਨੂੰ ਨਹੀਂ ਦਰਸਾਉਂਦੀ ਹੈ ਕਿਉਂਕਿ FDA ਨੇ ਰਸਮੀ ਤੌਰ 'ਤੇ ਕਈ OTC ਟੈਸਟ ਬ੍ਰਾਂਡਾਂ ਨੂੰ ਵਧਾ ਦਿੱਤਾ ਹੈ। ਕਿਰਪਾ ਕਰਕੇ ਘਰ ਵਿੱਚ ਕੀਤੇ ਜਾਣ ਵਾਲੇ ਟੈਸਟ (OTC) ਦੀ ਸਮਾਪਤੀ ਤਾਰੀਖ਼ ਦੀ ਐਕਸਟੈਂਸ਼ਨਾਂ ਲਈ ਹਮੇਸ਼ਾ FDA ਨਾਲ ਸੰਪਰਕ ਕਰੋ। CDPH ਉਹਨਾਂ ਟੈਸਟਾਂ ਨੂੰ ਬਦਲਣ ਦੀ ਸਿਫ਼ਾਰਿਸ਼ ਕਰਦਾ ਹੈ ਜੋ ਮਿਆਦ ਪੁੱਗਣ ਦੀ ਤਾਰੀਖ਼ਾਂ (FDA ਵੈੱਬਸਾਈਟ 'ਤੇ ਪਾਏ ਜਾਂਦੇ ਹਨ) ਤੋਂ ਪੁਰਾਣੇ ਹਨ, ਪਰ ਜੇਕਰ ਨਵੇਂ ਟੈਸਟ ਆਸਾਨੀ ਨਾਲ ਉਪਲਬਧ ਨਹੀਂ ਹਨ, ਤਾਂ ਤੁਸੀਂ ਇੱਕ ਮਿਆਦ ਪੁੱਗੇ ਹੋਏ ਟੈਸਟ ਦੀ ਵਰਤੋਂ ਕਰ ਸਕਦੇ ਹੋ ਜਦੋਂ ਤੱਕ ਕਿ ਅੰਦਰੂਨੀ ਨਿਯੰਤ੍ਰਣ ਜਾਇਜ਼ ਰਹਿੰਦਾ ਹੈ।

## ਕਮਿਊਨਿਟੀ ਰੈਪਿਡ ਟੈਸਟਿੰਗ ਪ੍ਰੋਗਰਾਮ

ਕੈਲੀਫੋਰਨੀਆ ਸਟੇਟ ਅਤੇ ਕੈਲੀਫੋਰਨੀਆਂ ਡਿਪਾਰਟਮੇਂਟ ਔਫ਼ ਪਬਲਿਕ ਹੈਲਥ (CDPH) Abbott BinaxNow ਐਂਟੀਜੇਨ ਟੈਸਟਾਂ ਦੀ ਵਰਤੋਂ ਕਰਦੇ ਹੋਏ CLIA-ਛੋਟ ਟੈਸਟਿੰਗ ਲਈ ਇੱਕ ਕਮਿਊਨਿਟੀ ਪ੍ਰੋਗਰਾਮ ਪੇਸ਼ ਕਰਦੇ ਹਨ। ਇੱਕ ਸਕੂਲ ਸੈਟਿੰਗ ਵਿੱਚ ਵਿਦਿਆਰਥੀਆਂ 'ਤੇ ਪੁਆਇੰਟ-ਔਫ਼-ਕੇਅਰ ਟੈਸਟਾਂ ਦੀ ਵਰਤੋਂ ਕਰਨ ਲਈ, ਨਿਯਮਾਂ ਲਈ ਇੱਕ ਲੈਬ ਡਾਇਰੈਕਟਰ ਅਤੇ ਇੱਕ ਡਾਕਟਰ ਦੇ ਆਦੇਸ਼ ਨਾਲ ਇੱਕ CLIA ਛੋਟ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। ਰਾਜ ਦੁਆਰਾ ਸਿਖਲਾਈ ਅਤੇ ਸਮਝੌਤਾ ਪੱਤਰ (MOU) 'ਤੇ ਦਸਤਖ਼ਤ ਕਰਨ ਤੋਂ ਬਾਅਦ ਰਾਜ ਦੁਆਰਾ CLIA-ਛੋਟ ਪ੍ਰਦਾਨ ਕੀਤੀ ਜਾਂਦੀ ਹੈ। ਇਸ ਲਈ ਇੱਕ ਔਨਲਾਈਨ ਪਲੇਟਫਾਰਮ Primary.Health ਦੀ ਵਰਤੋਂ ਕਰਨ ਦੀ ਵੀ ਲੋੜ ਹੁੰਦੀ ਹੈ ਜੋ ਸਟਾਫ਼ ਅਤੇ ਵਿਦਿਆਰਥੀਆਂ ਨੂੰ HIPAA-ਅਨੁਕੂਲ ਤਰੀਕੇ ਨਾਲ ਸਹਿਮਤੀ ਪ੍ਰਦਾਨ ਕਰਨ ਅਤੇ ਟੈਸਟ ਦੇ ਨਤੀਜੇ ਪ੍ਰਦਾਨ ਕਰਨ ਦੀ ਇਜਾਜ਼ਤ ਦਿੰਦਾ ਹੈ। ਕਮਿਊਨਿਟੀ ਰੈਪਿਡ ਟੈਸਟਿੰਗ ਪ੍ਰੋਗਰਾਮ ਦੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ ਜਾਂ communityrapidtesting@cdph.ca.gov 'ਤੇ ਈਮੇਲ ਭੇਜੋ।

## ਆਪਣੇ ਸਕੂਲ ਦੇ ਭਾਈਚਾਰੇ ਨੂੰ ਸਿੱਖਿਅਤ ਕਰਨਾ

ਟੈਸਟਿੰਗ ਦੇ ਆਲੇ-ਦੁਆਲੇ ਸਕੂਲ ਭਾਈਚਾਰੇ ਨਾਲ ਗੱਲਬਾਤ ਕਰਨਾ ਤੁਹਾਡੇ ਟੈਸਟਿੰਗ ਪ੍ਰੋਗਰਾਮ ਦੀ ਸਫਲਤਾ ਲਈ ਬਹੁਤ ਮਹੱਤਵਪੂਰਨ ਹੈ। ਸਾਡੇ ਵੀਡੀਓ ਦੀ ਸਮੀਖਿਆ ਕਰੋ ਕਿ ਕਿਵੇਂ ਬੱਚੇ ਆਪਣਾ ਸਵਾਬ ਖੁਦ ਲੈ ਸਕਦੇ ਹਨ। ਸਾਡੇ ਭਾਈਵਾਲ ਦੀ ਵੈੱਬਸਾਈਟ Safely Opening Schools (ਸਕੂਲਾਂ ਨੂੰ ਸੁਰੱਖਿਅਤ ਤਰੀਕੇ ਨਾਲ ਖੋਲ੍ਹੋ) 'ਤੇ ਮਾਪਿਆਂ ਨਾਲ ਸਾਂਝੇ ਕਰਨ ਲਈ ਵੀਡੀਓ, ਨਮੂਨਾ ਸੰਚਾਰ ਈਮੇਲਾਂ ਅਤੇ ਬੈਕ-ਟੂ-ਸਕੂਲ (ਸਕੂਲ ਵਾਪਸੀ) ਸਮਝੌਤੇ ਵਰਗੇ ਹੋਰ ਸੋਮੇ ਲੱਭੋ। ਮਾਪਿਆਂ, ਸਟਾਫ਼ ਅਤੇ ਅਧਿਆਪਕਾਂ ਨਾਲ ਇਸ ਬਾਰੇ ਜਾਣਕਾਰੀ ਸਾਂਝੀ ਕਰੋ ਕਿ ਘਰ ਵਿੱਚ ਕੀਤੇ ਜਾਣ ਵਾਲੇ ਟੈਸਟਾਂ ਨੂੰ ਕਿਵੇਂ ਕਰਨਾ ਹੈ। ਤੁਹਾਡੇ ਸਕੂਲੀ ਭਾਈਚਾਰੇ ਨੂੰ ਕਈ ਭਾਸ਼ਾਵਾਂ ਵਿੱਚ ਘਰ ਵਿੱਚ ਕੀਤੇ ਜਾਣ ਵਾਲੇ ਟੈਸਟਾਂ ਦੀ ਵਰਤੋਂ ਅਤੇ ਉਨ੍ਹਾਂ ਨੂੰ ਕਰਨ ਬਾਰੇ ਸਿੱਖਿਅਤ ਕਰਨ ਵਿੱਚ ਮਦਦ ਕਰਨ ਲਈ ਸੋਮੇ ਉਪਲਬਧ ਹਨ।

- ਬੱਚੇ ਆਪਣਾ ਸਵਾਬ ਖੁਦ ਕਿਵੇਂ ਲੈ ਸਕਦੇ ਹਨ, ਬਾਰੇ ਵੀਡਿਓ
- ਸਕੂਲਾਂ ਨੂੰ ਸੁਰੱਖਿਅਤ ਤਰੀਕੇ ਨਾਲ ਖੋਲ੍ਹਣਾ

- [ਕਈ ਭਾਸ਼ਾਵਾਂ ਵਿੱਚ OTC ਬਾਰੇ ਸਿੱਖਿਆ ਲਈ ਸੋਮੇ]

## ਪ੍ਰਕੋਪ ਦਾ ਜਵਾਬ

ਸਥਾਨਕ ਸਿਹਤ ਵਿਭਾਗਾਂ ਅਤੇ ਸਥਾਨਕ ਸਿੱਖਿਆ ਏਜੰਸੀਆਂ (LEAs) ਨੂੰ ਕੈਂਪਸ ਵਿੱਚ ਪ੍ਰਕੋਪ ਦੇ ਨਾਲ K-12 ਸਕੂਲਾਂ ਦੀ ਸਹਾਇਤਾ ਕਰਨ ਲਈ ਤੇਜ਼ੀ ਨਾਲ ਪਹੁੰਚਯੋਗ ਘਰ ਵਿੱਚ ਕੀਤੇ ਜਾਣ ਵਾਲੇ ਐਂਟੀਜੇਨ ਟੈਸਟਾਂ ਨੂੰ ਉਪਲਬਧ ਰੱਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਜੇਕਰ ਮਾਰਗਦਰਸ਼ਨ ਦੀ ਲੋੜ ਹੋਵੇ ਤਾਂ ਸਥਾਨਕ ਸਿਹਤ ਵਿਭਾਗ ਵੀ ਖਾਸ ਸਲਾਹ ਦੇ ਸਕਦਾ ਹੈ।

## ਸਾਡੇ ਨਾਲ ਸੰਪਰਕ ਕਰੋ

- ਘਰ ਵਿੱਚ ਕੀਤੇ ਜਾਣ ਵਾਲੇ (OTC) ਟੈਸਟਿੰਗ ਪ੍ਰੋਗਰਾਮ ਬਾਰੇ ਕਿਰਪਾ ਕਰਕੇ SafeSchoolsTeam@cdph.ca.gov 'ਤੇ ਈਮੇਲ ਭੇਜੋ
- ਕਮਿਊਨਿਟੀ ਰੈਪਿਡ ਟੈਸਟਿੰਗ ਪ੍ਰੋਗਰਾਮ ਬਾਰੇ ਕਿਰਪਾ ਕਰਕੇ communityrapidresponse@cdph.ca.gov 'ਤੇ ਈਮੇਲ ਭੇਜੋ
- ਸਕੂਲ ਸੰਬੰਧੀ CDPH ਈਮੇਲ ਅੱਪਡੇਟ ਪ੍ਰਾਪਤ ਕਰਨ ਲਈ ਸਾਈਨ ਅੱਪ ਕਰਨ ਲਈ, ਕਿਰਪਾ ਕਰਕੇ ਇਸ ਫ਼ਾਰਮ ਦੀ ਵਰਤੋਂ ਕਰੋ

ਮੂਲ ਰੂਪ ਵਿੱਚ 4 ਅਗਸਤ, 2022 ਨੂੰ ਪ੍ਰਕਾਸ਼ਿਤ ਕੀਤਾ ਗਿਆ